ਰੋਜਾਨਾ ਸੱਚ ਤੇ ਨਿਡਰ ਆਵਾਜ

ਲੋਕ ਬਾਣੀ

Email : lokbani08@gmail.com

25 ਫਰਵਰੀ 2023

ਮੁੱਖ ਸੰਪਾਦਕ : - ਅਮਨ ਮਹਿਰਾ (ਜਲੰਧਰ)

R.N.I. /Punpun/29016/2008/ ● ਸਾਲ : 15 ● ਅੰਕ : 57 ● ਮੁੱਲ : 5.00 ਰੁਪਏ ● ਕੁੱਲ ਪੇਜ : 10 ● ਫੈਕਸ: 0181-2211009, 99155-94111

ਵਿਦੇਸ਼ 'ਚ ਗੇਮ ਖੇਡਣ ਦੌਰਾਨ ਚੱਲੀ ਗੋਲੀ, 7 ਦੀ ਮੌਤ

ਬ੍ਰਾਜ਼ੀਲ/ਲੋਕ ਬਾਣੀ

ਬ੍ਰਾਜ਼ੀਲ ਦੇ ਮਾਟੋ ਗ੍ਰੋਸੋ ਦੇ ਸਿਨੋਪ ਸ਼ਹਿਰ 'ਚ ਗੋਲੀਬਾਰੀ ਦੀ ਇੱਕ ਖੌਫਨਾਕ ਘਟਨਾ ਨੇ ਹਲਚਲ ਮਚਾ ਦਿੱਤੀ ਹੈ।ਦਰਅਸਲ ਇੱਥੇ ਇੱਕ ਪੂਲ ਗੇਮ ਹਾਰਨ ਵਾਲੇ ਦੋ ਖਿਡਾਰੀਆਂ ਨੇ ਗੋਲੀ ਚਲਾ ਦਿੱਤੀ ਜਿਸ ਕਾਰਨ ਸੱਤ ਲੋਕਾਂ ਦੀ ਮੌਤ ਹੋ ਗਈ। ਗੋਲੀ ਲੱਗਣ ਦੇ ਨਾਲ ਮਰਨ ਵਾਲਿਆਂ ਵਿੱਚ ਇੱਕ 12 ਸਾਲ ਦੀ ਬੱਚੀ ਵੀ ਸ਼ਾਮਲ ਹੈ। ਇਸ ਘਟਨਾ ਦੇ ਬਾਰੇ ਦੱਸਿਆ ਜਾ ਰਿਹਾ ਹੈ ਕਿ ਇਹ ਖਿਡਾਰੀ ਪੂਲ ਵਿੱਚ ਲਗਾਤਾਰ ਦੋ ਗੇਮਾਂ ਹਾਰ ਗਏ ਸੀ। ਇਸ ਦੌਰਾਨ ਉਨ੍ਹਾਂ ਦੇ ਨੇੜੇ ਖੜ੍ਹੇ ਹੋਰ ਖਿਡਾਰੀ ਹੱਸਣ ਲੱਗੇ। ਮਿਲੀ ਜਾਣਕਾਰੀ ਦੇ ਮੁਤਾਬਕ ਇਸ ਤੋਂ ਬਾਅਦ ਦੋਵੇਂ ਹਾਰਨ ਵਾਲੇ ਖਿਡਾਰੀ ਆਪਣਾ ਆਪਾ ਗੁਆ ਬੈਠੇ ਅਤੇ ਬੰਦੂਕਾਂ ਲੈ ਕੇ ਖੇਡ ਖੇਤਰ 'ਚ ਦਾਖਲ ਹੋ ਗਏ।

ਚੀਨ ਦੇ ਜਾਸੂਸੀ ਗੁਬਾਰੇ ਦੀ ਖੁਲੀ ਪੋਲ

ਵਾਸ਼ਿੰਗਟਨ/ਲੋਕ ਬਾਣੀ

ਅਮਰੀਕੀ ਆਸਮਾਨ 'ਚ ਚੀਨੀ ਜਾਸੂਸੀ ਗੁਬਾਰੇ ਨੂੰ ਦੇਖਣ 'ਤੇ ਪੈਦਾ ਹੋਏ ਹੰਗਾਮੇ ਨੂੰ ਬਹੁਤਾ ਸਮਾਂ ਨਹੀਂ ਹੋਇਆ ਹੈ। ਇਸ ਗੁਬਾਰੇ ਨੂੰ ਬਾਅਦ ਵਿੱਚ ਅਮਰੀਕਾ ਨੇ ਨਸ਼ਟ ਕਰ ਦਿੱਤਾ ਸੀ ਪਰ ਅਮਰੀਕੀ ਰੱਖਿਆ ਵਿਭਾਗ ਨੇ ਹੁਣ ਇਕ ਸੈਲਫੀ ਜਾਰੀ ਕੀਤੀ ਹੈ। ਇਹ ਸੈਲਫੀ ਅਮਰੀਕਾ ਦੇ ਜਾਸੂਸੀ ਜਹਾਜ਼ "-2 ਦੇ ਪਾਇਲਟ ਦੀ ਹੈ, ਜਿਸ ਨੇ ਇਹ ਸੈਲਫੀ ਕਾਕਪਿਟ ਵਿੱਚ ਲਈ ਸੀ। ਇਹ ਸੈਲਫੀ 3 ਫਰਵਰੀ ਦੀ ਹੈ, ਜਿਸ ਤੋਂ ਇਕ ਦਿਨ ਪਹਿਲਾਂ ਚੀਨੀ ਜਾਸੂਸੀ ਗੁਬਾਰੇ ਨੂੰ ਡੇਗਿਆ ਗਿਆ ਸੀ। ਤਸਵੀਰ 'ਚ ਦੇਖਿਆ ਜਾ ਸਕਦਾ ਹੈ ਕਿ ਗੁਬਾਰੇ 'ਤੇ ਪੈਨਲ ਲਟਕ ਰਹੇ ਹਨ। ਇਹ ਗੁਬਾਰਾ ਤਿੰਨ ਬੱਸਾਂ ਜਿੰਨਾ ਵੱਡਾ ਸੀ। ਇਹ ਪਹਿਲੀ ਵਾਰ 28 ਜਨਵਰੀ ਨੂੰ ਯੂਐੱਸ ਆਰਮੀ ਨੇ ਦੇਖਿਆ ਸੀ ਤੇ 4 ਫਰਵਰੀ ਨੂੰ ਦੱਖਣੀ ਕੈਰੋਲੀਨਾ ਦੇ ਤੱਟ ਤੋਂ ਯੂਐੱਸ ਏਅਰ ਫੋਰਸ ਦੇ ਲੜਾਕੂ ਜਹਾਜ਼ ਦੁਆਰਾ ਮਾਰਿਆ ਗਿਆ ਸੀ। ਹਾਲਾਂਕਿ ਅਮਰੀਕੀ ਰੱਖਿਆ ਵਿਭਾਗ ਦੀ ਡਿਪਟੀ ਪ੍ਰੈੱਸ ਸੈਕਟਰੀ ਸਬਰੀਨਾ ਸਿੰਘ ਨੇ ਬੁੱਧਵਾਰ ਨੂੰ ਇਸ ਦੀ ਪੁਸ਼ਟੀ ਕੀਤੀ।

ਪੰਜਾਬ ਵਿੱਚ ਨਸ਼ੇ ਕਾਰਨ 1 ਹੋਰ ਨੌਜਵਾਨ ਦੀ ਮੌਤ ਹੋਈ

ਹੰਬੜਾਂ/ਲੋਕ ਬਾਣੀ

ਸੂਬੇ ਦੀ ਆਪ ਸਰਕਾਰ ਤੇ ਪੁਲਿਸ ਪ੍ਰਸ਼ਾਸ਼ਨ ਵਲੋਂ ਚਿੱਟੇ ਦਾ ਨਸ਼ਾ ਰੋਕਣ ਲਈ ਸਖ਼ਤੀ ਵਰਤੇ ਜਾਣ ਦੇ ਬਾਵਜੂਦ ਵੀ ਚਿੱਟੇ ਦਾ ਕਹਿਰ ਰੁੱਕਣ ਦਾ ਨਾਮ ਨਹੀਂ ਲੈ ਰਿਹਾ। ਆਏ ਦਿਨ ਚਿੱਟੇ ਨਾਲ ਨੌਜਵਾਨ ਮੌਤ ਦੇ ਮੂੰਹ 'ਚ ਜਾ ਰਹੇ ਹਨ ਤੇ ਅੱਜ ਲੁਧਿਆਣਾ ਜ਼ਿਲ੍ਹੇ ਦੇ ਕਸਬਾ ਹੰਬੜਾਂ 'ਚ ਇਕ ਨੌਜਵਾਨ ਵੀ ਚਿੱਟੇ ਦੀ ਭੇਟ ਚੜ ਗਿਆ। ਇਕੱਤਰ ਜਾਣਕਾਰੀ ਅਨੁਸਾਰ ਕਸਬਾ ਹੰਬੜਾਂ ਦੇ ਗਰੀਬ ਪਰਿਵਾਰ ਦਾ ਨੌਜਵਾਨ ਜਸਪ੍ਰੀਤ ਸਿੰਘ ਉਰਫ਼ ਝੰਗੀ ਜੋ ਕਿ ਚਿੱਟੇ ਦੇ ਨਸ਼ੇ ਦਾ ਆਦੀ ਸੀ ਤੇ ਉਸ ਵਲੋਂ ਚਿੱਟੇ ਦੇ ਲਗਾਏ ਗਏ ਟੀਕੇ 'ਚ ਓਵਰਡੋਜ਼ ਲੈਣ ਕਾਰਨ ਉਸ ਦੀ ਘਰ ਅੰਦਰ ਹੀ ਮੌਤ ਹੋ ਗਈ। ਪੁਲਿਸ ਵਲੋਂ ਘਟਨਾ ਸਥਾਨ 'ਤੇ ਪੁੱਜ ਕੇ ਨੌਜਵਾਨ ਦੀ ਲਾਸ਼ ਨੂੰ ਕਬਜ਼ੇ 'ਚ ਲੈਂਦਿਆਂ ਪੁਲਿਸ ਕਾਰਵਾਈ ਸ਼ੁਰੂ ਕਰ ਦਿੱਤੀ ਤੇ ਲਾਸ਼ ਨੂੰ ਪੋਸਟਮਾਰਟਮ ਲਈ ਸਿਵਲ ਹਸਪਤਾਲ ਲੁਧਿਆਣਾ'ਚ ਭੇਜ ਦਿੱਤਾ ਗਿਆ ਹੈ। ਇਸ ਸੰਬੰਧੀ ਹੋਰ ਜਾਣਕਾਰੀ ਦਿੰਦਿਆਂ ਹੰਬੜਾਂ ਚੌਕੀ ਇੰਚਾਰਜ ਗੁਰਮੀਤ ਸਿੰਘ ਨੇ ਦੱਸਿਆਂ ਕਿ ਮ੍ਰਿਤਕ ਦੀ ਪਤਨੀ ਦੇ ਬਿਆਨਾਂ 'ਤੇ 174 ਦੀ ਕਾਰਵਾਈ ਅਮਲ ਵਿਚ ਲਿਆਂਦੀ ਗਈ ਹੈ।

ਉਗਲਾਂ ਵੱਢਣ ਮਾਮਲੇ ਵਿੱਚ ਆਇਆ ਪੁਲਿਸ ਦਾ ਬਿਆਨ

ਚੰਡੀਗੜ੍ਹ/ਵਿਨੋਦ ਸ਼ਰਮਾ

ਡੀ.ਐਸ.ਪੀ. ਹਰਿੰਦਰ ਸਿੰਘ ਮਾਨ ਨੇ ਦੱਸਿਆ ਕਿ 9 ਫਰਵਰੀ ਨੂੰ ਕਥਿਤ ਤੌਰ 'ਤੇ ਇਕ ਵਿਅਕਤੀ ਦੀਆਂ ਉਂਗਲਾਂ ਵੱਢਣ ਵਾਲੇ ਤਿੰਨ ਵਿਅਕਤੀਆਂ ਖ਼ਿਲਾਫ਼ ਆਈ.ਪੀ.ਸੀ. ਦੀਆਂ ਧਾਰਾਵਾਂ ਤਹਿਤ ਮਾਮਲਾ ਦਰਜ ਕੀਤਾ ਗਿਆ ਹੈ। ਉਨ੍ਹਾਂ ਕਿਹਾ ਕਿ ਜਲਦ ਹੀ ਭਰੌੜੇ ਦੋਸ਼ੀ ਸਲਾਖ਼ਾਂ ਪਿੱਛੇ ਹੋਣਗੇ।

ਭਿਆਨਕ ਸੜਕ ਹਾਦਸੇ ਦੌਰਾਨ 11 ਦੀ ਮੌਤ

ਰਾਏਪੁਰ/ਲੋਕ ਬਾਣੀ

ਛੱਤੀਸਗੜ੍ਹ ਦੇ ਬਲੋਦਾਬਾਜ਼ਾਰ-ਭਾਟਾਪਾੜਾ ਜ਼ਿਲ੍ਹੇ ਵਿੱਚ ਇੱਕ ਪਿਕ-ਅੱਪ ਵੈਨ ਦੇ ਟਰੱਕ ਨਾਲ ਟਕਰਾਉਣ ਕਾਰਨ 4 ਬੱਚਿਆਂ ਸਮੇਤ 11 ਲੋਕਾਂ ਦੀ ਮੌਤ ਹੋ ਗਈ। ਪੁਲਸ ਨੇ ਦੱਸਿਆ ਕਿ ਵੀਰਵਾਰ ਦੇਰ ਰਾਤ ਬਲੋਦਾਬਾਜ਼ਾਰ-ਭਾਟਾਪਾਰਾ ਰੋਡ 'ਤੇ ਭਾਟਾਪਾਰਾ ਥਾਣਾ ਖੇਤਰ ਦੇ ਅਧੀਨ ਖਮਾਰੀਆ ਪਿੰਡ ਦੇ ਕੋਲ ਵਾਪਰੇ ਇਸ ਹਾਦਸੇ 'ਚ ਇਕ ਦਰਜਨ ਹੋਰ ਜ਼ਖ਼ਮੀ ਹੋ ਗਏ। ਇੱਕ ਪੁਲਸ ਅਧਿਕਾਰੀ ਨੇ ਦੱਸਿਆ ਕਿ ਸਿਮਗਾ ਖੇਤਰ ਦੇ ਖਿਲੋਰਾ ਪਿੰਡ ਦੇ ਰਹਿਣ ਵਾਲੇ ਪੀੜਤ, ਅਰਜੁਨੀ ਖੇਤਰ ਵਿੱਚ ਇੱਕ ਪਰਿਵਾਰਕ ਸਮਾਗਮ ਵਿੱਚ ਸ਼ਾਮਲ ਹੋਣ ਤੋਂ ਬਾਅਦ ਘਰ ਪਰਤ ਰਹੇ ਸਨ। ਸੂਚਨਾ ਮਿਲਣ ਤੋਂ ਬਾਅਦ ਪੁਲਸ ਦੀ ਇੱਕ ਟੀਮ ਮੌਕੇ 'ਤੇ ਭੇਜੀ ਗਈ ਅਤੇ ਜ਼ਖ਼ਮੀਆਂ ਨੂੰ ਇਲਾਜ ਲਈ ਨੇੜਲੇ ਹਸਪਤਾਲ ਭੇਜਿਆ ਗਿਆ।

ਛੱਤ ਡਿੱਗਣ ਕਾਰਨ ਯੂਪੀ 'ਚ ਤਿੰਨ ਦੀ ਮੌਤ

ਲਖਨਊ/ਲੋਕ ਬਾਣੀ

ਮੇਰਠ ਦੇ ਦੌਰਾਲਾ 'ਚ ਇਕ ਨਿਰਮਾਣ ਅਧੀਨ ਕੋਲਡ ਸਟੋਰੇਜ ਦੀ ਛੱਤ ਡਿੱਗਣ ਕਾਰਨ 3 ਲੋਕਾਂ ਦੀ ਮੌਤ ਹੋ ਗਈ ਅਤੇ ਕਈਆਂ ਦੇ ਜ਼ਖ਼ਮੀ ਹੋਣ ਦੀ ਖ਼ਬਰ ਹੈ। ਡਿਵੀਜ਼ਨਲ ਕਮਿਸ਼ਨਰ ਨੇ ਦੱਸਿਆ ਕਿ ਉੱਥੇ ਬਚਾਅ ਕਾਰਜ ਜਾਰੀ ਹਨ।

ਪਾਕਿਸਤਾਨੀ ਜਾਸੂਸ ਨੂੰ ਖ਼ੁਫੀਆ ਜਾਣਕਾਰੀ ਦੇਣ ਵਾਲਾ DRDO ਅਧਿਕਾਰੀ ਗ੍ਰਿਫ਼ਤਾਰ

ਦਿੱਲੀ/ਕਪੂਰ

ਰੱਖਿਆ ਖੋਜ ਤੇ ਵਿਕਾਸ ਸੰਗਠਨ ਦੇ ਇਕ ਸੀਨੀਅਰ ਅਧਿਕਾਰੀ ਨੂੰ ਸ਼ੁੱਕਰਵਾਰ ਨੂੰ ਇਕ ਪਾਕਿਸਤਾਨੀ ਜਸੂਸ ਦੇ ਨਾਲ ਭਾਰਤ ਦੇ ਰੱਖਿਆ ਖੇਤਰ ਨਾਲ ਸਬੰਧਤ ਗੁਪਤ ਸੂਚਨਾ ਸਾਂਝੀ ਕਰਨ ਦੇ ਦੋਸ਼ ਵਿਚ ਗ੍ਰਿਫ਼ਤਾਰ ਕੀਤਾ ਗਿਆ ਹੈ। ਓਡੀਸ਼ਾ ਪੁਲਸ ਨੇ ਇਹ ਜਾਣਕਾਰੀ ਦਿੱਤੀ। ਪੁਲਸ ਨੇ ਕਿਹਾ ਕਿ 57 ਸਾਲਾ ਅਧਿਕਾਰੀ ਓਡੀਸ਼ਾ ਵਿਚ ਬਾਲਾਸੋਰ ਜ਼ਿਲ੍ਹੇ ਦੇ ਚਾਂਦੀਪੁਰ 'ਚ ਡੀ.ਆਰ.ਡੀ.ਓ. ਦੇ ਆਈ.ਟੀ.ਆਰ. ਵਿਚ ਤਾਇਨਾਤ ਹੈ। ਚਾਂਦੀਪੁਰ ਦੇ ਦੋ ਟੈਸਟਿੰਗ ਰੇਂਜ ਹਨ, ਜਿਨਾਂ ਵਿਚ ਭਾਰਤ ਆਪਣੀਆਂ ਮਿਸਾਈਲ, ਰਾੱਕੇਟ ਤੇ ਹਵਾਈ ਹਮਲੇ ਯੋਗ ਹਥਿਆਰ ਪ੍ਰਣਾਲੀਆਂ ਦਾ ਮੁਲਾਂਕਣ ਕਰਦਾ ਹੈ। ਪੁਲਸ ਇੰਸਪੈਕਟਰ ਜਨਰਲ ਹਿਮਾਂਸ਼ੂ ਕੁਮਾਰ ਲਾਲ ਨੇ ਕਿਹਾ, "ਚਾਂਦੀਪੁਰ ਦੀ ਆਈ.ਟੀ.ਆਰ. ਟੈਸਟਿੰਗ ਰੇਂਜ ਦੇ ਇਕ ਸੀਨੀਅਰ ਮੁਲਾਜ਼ਮ ਨੂੰ ਗ੍ਰਿਫ਼ਤਾਰ ਕੀਤਾ ਗਿਆ ਹੈ। ਉਹ ਇਕ ਵਿਦੇਸ਼ੀ ਏਜੰਟ ਨੂੰ ਮਿਸਾਈਲ ਟੈਸਟਿੰਗ ਸਬੰਧੀ ਕੁੱਝ ਸੰਵੇਦਨਸ਼ੀਲ ਜਾਣਕਾਰੀ ਭੇਜਣ ਵਿਚ ਸਫ਼ਲ ਰਿਹਾ ਹੈ।" ਉਨਾਂ ਕਿਹਾ ਕਿ ਚਾਂਦੀਪੁਰ ਥਾਣੇ ਵਿਚ ਦਿੱਤੀ ਗਈ ਇਕ ਸ਼ਿਕਾਇਤ ਦੇ ਅਧਾਰ 'ਤੇ ਮੁਲਜ਼ਮ ਅਧਿਕਾਰੀ ਨੂੰ ਗ੍ਰਿਫ਼ਤਾਰ ਕੀਤਾ ਗਿਆ।

ਕੈਨੇਡਾ 'ਚ ਇਕ ਹੋਰ ਪੰਜਾਬੀ ਨੌਜਵਾਨ ਦੀ ਹੋਈ ਮੌਤ

ਬ੍ਰਿਸਬੇਨ/ਲੋਕ ਬਾਣੀ

ਜ਼ਿਲਾ ਗੁਰਦਾਸਪੁਰ ਦੇ ਉੱਘੇ ਸੁਤੰਤਰਤਾ ਸੰਗਰਾਮੀ, ਸਾਬਕਾ ਮੈਂਬਰ ਪਾਰਲੀਮੈਂਟ ਤੇਜਾ ਸਿੰਘ ਸੁਤੰਤਰ ਦੇ ਭਰਾ ਮੈਦਨ ਸਿੰਘ ਸੁਤੰਤਰਤਾ ਸੰਗਰਾਮੀ ਦੇ ਦੋਹਤੇ ਹਰਦਮਨ ਸਿੰਘ ਕਾਹਲੋਂ ਪੁੱਤਰ ਜਗਜੀਤ ਸਿੰਘ ਕਾਹਲੋਂ ਪਿੰਡ ਅਲੂਣਾ ਦੀ ਕੈਨੇਡਾ 'ਚ ਬੇਵਕਤੀ ਮੌਤ ਹੋ ਜਾਣ ਦੀ ਦੁੱਖਦਾਈ ਖ਼ਬਰ ਆਈ ਹੈ। ਇਸ ਸਬੰਧੀ ਮ੍ਰਿਤਕ ਦੇ ਪਿਤਾ ਜਗਜੀਤ ਸਿੰਘ ਨੇ ਦੱਸਿਆ ਕਿ ਹਰਦਮਨ ਸਿੰਘ 7 ਸਾਲ ਪਹਿਲਾਂ ਪਰਿਵਾਰ ਸਮੇਤ ਕੈਨੇਡਾ ਦੇ ਪੱਕੇ ਤੌਰ 'ਤੇ ਵਸਨੀਕ ਵਜੋਂ ਗਿਆ ਸੀ।

ਲਵਪ੍ਰੀਤ ਸਿੰਘ ਤੂਫਾਨ ਨੂੰ ਪੁਲਸ ਨੇ ਕੀਤਾ ਰਿਹਾਅ

ਅਜਨਾਲਾ/ਲੋਕ ਬਾਣੀ

ਅਜਨਾਲਾ ਪੁਲਸ ਵਲੋਂ ਬੀਤੇ ਦਿਨੀਂ ਗ੍ਰਿਫ਼ਤਾਰ ਕੀਤੇ ਗਏ ਵਾਰਿਸ ਪੰਜਾਬ ਜਥੇਬੰਦੀ ਦੇ ਲਵਪ੍ਰੀਤ ਸਿੰਘ ਤੂਫਾਨ ਨੂੰ ਰਿਹਾਅ ਕਰ ਦਿੱਤਾ ਗਿਆ ਹੈ। ਪੁਲਸ ਕਸਟੱਡੀ ਤੋਂ ਰਿਹਾਅ ਹੋਣ ਤੋਂ ਬਾਅਦ ਲਵਪ੍ਰੀਤ ਸਿੰਘ ਤੂਫਾਨ ਨੇ ਕਿਹਾ ਕਿ ਸਿੱਖ ਕੌਮ ਨੂੰ ਇਕੱਠੇ ਹੋ ਕੇ ਰਹਿਣ ਦੀ ਲੋੜ ਹੈ। ਤੂਫਾਨ ਨੇ ਕਿਹਾ ਕਿ ਸਿੱਖ ਹੋਣ ਦੇ ਨਾਤੇ ਉਨਾਂ ਦਾ ਪੂਰਾ ਸਤਿਕਾਰ ਕੀਤਾ ਗਿਆ ਹੈ। ਇਸ ਲਈ ਉਹ ਸਾਰੇ ਪੁਲਸ ਅਫਸਰਾਂ ਦਾ ਧੰਨਵਾਦ ਕਰਦੇ ਹਨ। ਪੱਤਰਕਾਰਾਂ ਨਾਲ ਗੱਲਬਾਤ ਕਰਦੇ ਹੋਏ ਤੂਫਾਨ ਨੇ ਕਿਹਾ ਕਿ ਉਹ ਅੰਮ੍ਰਿਤਪਾਲ ਸਿੰਘ ਨਾਲ ਸ੍ਰੀ ਦਰਬਾਰ ਸਾਹਿਬ ਮੱਥਾ ਟੇਕਣ ਜਾਣਗੇ ਅਤੇ ਗੁਰੂ ਸਾਹਿਬ ਦਾ ਸ਼ੁਕਰਾਨਾ ਕਰਨਗੇ।

ਪੱਤਰਕਾਰਾਂ ਲਈ ਸੁਨਹਿਰਾ ਮੌਕਾ

ਪੰਜਾਬ ਦੇ ਹਰ ਜਿਲੇ ਤੋਂ ਰੋਜਾਨਾ ਲੋਕ ਬਾਣੀ ਅਖਬਾਰ ਲਈ ਪੱਤਰਕਾਰਾਂ ਦੀ ਲੋੜ ਹੈ। ਚਾਹਵਾਨ ਪੱਤਰਕਾਰ ਸੰਪਰਕ ਕਰਨ ਮੁੱਖ ਦਫ਼ਤਰ

ਲੋਕ ਬਾਣੀ ਸੰਗਮ ਕੰਪਕੈਲਸ, ਮਿਲਾਪ ਚੌਕ ਜਲੰਧਰ 99155-94111